ਮੀਟਿੰਗਾਂ ਨੂੰ ਵੀ ਸ਼ੇਅਰ ਹੋਲਡਰਾਂ ਨੂੰ ਬਾਕੀ ਦੀ ਭੇਜੀ ਜਾਣ ਵਾਲੀ ਜਾਣਕਾਰੀ ਦੇ ਨਾਲ ਹੀ ਮੁਨਾਸਿਬ ਕਰਾ ਦਿੱਤਾ ਜਾਵੇ, ਪਰ ਇਹ ਸਭ ਕੁੱਝ ਹੀ ਨਜ਼ਰਅੰਦਾਜ਼ ਕਰ ਦਿੱਤਾ ਗਿਆ"।

"ਦੋਸ਼ੀ ਧਿਰਿਆਂ ਵੱਲੋਂ ਇਲਜ਼ਾਮੀ ਤੌਰ ਤੇ ਕੀਤੀਆਂ ਉਲੰਘਣਾਵਾਂ ਇੱਥੋਂ ਤੱਕ ਕਿ ਅੰਤਰ-ਰਸ਼ਿਟਰੀ ਪੱਧਰ ਤੱਕ ਆਪਣੀਆਂ ਸ਼ਾਖਾ ਫੈਲਾ ਚੁੱਕੀਆਂ ਹਨ। ਜਿਵੇਂ ਕਿ ਨਵੇਦਾ ਦੇ ਚਾਲਕ ਕਰਤਾ ਸ਼ਾਇਦ ਗੋਲਡ ਕੋਸਟ ਦੀਆਂ ਗਤੀਵਿਧੀਆਂ ਤੋਂ ਏਨੇ ਖੁਸ਼ ਨਹੀਂ। ਇਹ ਵੱਡੇ ਪੱਧਰ ਤੇ ਹੋਏ ਧੋਖੇ ਘਾਨਾ ਦੀਆਂ ਪਰਦੇਸੀ ਪੂੰਜੀ ਨੂੰ ਇਕੱਠਾ ਕਰਨ ਲਈ ਸੱਚੇ ਤੌਰ ਤੇ ਕੀਤੀਆਂ ਕੋਸ਼ਿਸ਼ਾਂ ਉੱਤੇ ਉਲਟਾ ਅਸਰ ਪਾਉਂਦੇ ਹਨ"।

ਕਲੇਮ ਅੱਗੋਂ ਇਹ ਚਾਨਣਾ ਪਾਉਂਦਾ ਹੈ ਕਿ ਕਿਸ ਤਰ੍ਹਾਂ ਕੰਪਨੀ ਨੇ ਗੁਪਤ ਰੂਪ ਵਿੱਚ ਲੱਗਭਗ 2 ਅਰਬ ਦੇ ਸ਼ੇਅਰ ਕਿਸੇ ਬਰਮੂਦਾ ਸਥਿੱਤ ਕੰਪਨੀਆਂ ਨੂੰ ਦਿੱਤੇ।ਭਾਵੇਂ ਹੋ ਸਕਦਾ ਹੈ ਕਿ ਇਸ ਗੱਲ ਦਾ ਕੋਈ ਸੰਬੰਧ ਨਾ ਹੋਵੇ ਕਿ ਬਰਮੂਦਾ ਨੇ ਖੁੱਲੇ ਤੌਰ ਤੇ ਐਲ.ਓ.ਐਮ. ਗਰੁੱਪ ਦੇ ਪਤੇ ਨੂੰ ਆਪਣਾ ਪਤਾ ਵਰਤਣ ਦੀ ਸੌਦੇਬਾਜ਼ੀ ਕਰ ਲਈ ਹੋਵੇ ਜੋ ਕਿ ਭੇਤੀ ਸ਼ੇਅਰਾਂ ਦੇ ਹਿੱਸੇਦਾਰ ਵਰਤਦੇ ਹਨ।ਇਸ ਗੱਲ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਇਸ ਔਫਸ਼ੋਰ ਮੈਨੇਜਮੈਂਟ ਕੰਪਨੀ (ਐਲ.ਓ.ਐਮ. ਗਰੁੱਪ) ਦੇ ਕੁੱਝ ਅਫਸਰਾਂ ਅਤੇ ਡਾਇਰੈਕਟਰਾਂ ਉੱਤੇ ਯੁਨਾਈਟਡ ਸਟੇਟ ਸਿਕਯੁਰਿਟੀ ਅਤੇ ਐਕਸਚੇਂਜ ਕਮੀਸ਼ਨ ਵੱਲੋਂ ਮੰਡੀ ਵਿੱਚ ਫੇਰ ਬਦਲ ਕਰਨ ਦੇ ਫੈਡਰਲ ਆਰੋਪ ਲੱਗੇ ਹੋਏ ਹਨ।

ਢਿੱਲੋਂ ਨੇ ਕਿਹਾ, "ਵਕੀਲਾਂ ਵੱਲੋਂ ਸਧਾਰਨ ਕਾਰਵਾਈ ਉੱਤੇ ਅਮਲ ਕਰਨ ਤੋਂ ਇਨਕਾਰ ਕਰਨਾ ਬੜੀ ਹੈਰਾਨੀ ਦੀ ਗੱਲ ਹੈ। ਇਸ ਤੋਂ ਇਲਾਵੇ ਮੈਨੂੰ ਹੁਣੇ ਇਹ ਜਾਣਕਾਰੀ ਮਿਲੀ ਹੈ ਕਿ ਗੌਲਿੰਗਸ ਨੇ ਸਾਡੀ ਕੌਂਸਿਲ ਨੂੰ ਇਸ ਮੁਕੱਦਮੇ ਨਾਲ ਸੰਬਧਿਤ ਬਹੁਤ ਸਾਰੇ ਸਬੂਤਾਂ ਦੇ ਡੱਬੇ ਦੇਣ ਤੋਂ ਮੂੰਹ ਫੇਰ ਲਿਆ ਹੈ ਜਿਸ ਦੇ ਕਿ ਅਸੀਂ ਸਾਫ ਤੌਰ ਤੇ ਹੱਕਦਾਰ ਹਾਂ। ਮੈਨੂੰ ਇਸ ਗੱਲ ਦਾ ਵੀ ਝਟਕਾ ਲੱਗਿਆ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਬਹੁਤ ਸਾਰੇ ਬਚਾਉਕਾਰੀਆਂ ਨੇ ਅਲਬਰਟਾ ਦੀ ਅਦਾਲਤ ਵੱਲੋਂ ਜਾਰੀ ਕੀਤੇ ਹੁਕਮ-ਨਾਮੇ ਦੇ ਮਤਹਿਤ ਪਰਖ-ਪੜਤਾਲ ਕਰਨ ਦੀ ਖਿਦਮਤ ਵਿੱਚ ਪੇਸ਼ ਹੋਣ ਨੂੰ ਪੂਰੀ ਤਰਹ ਨਜ਼ਰਅੰਦਾਜ਼ ਕਰ ਦਿੱਤਾ ਹੈ।ਇਹ ਹੱਦ ਤੋਂ ਜਿਆਦਾ ਨਫਰਤ ਦੀ ਗੱਲ ਹੈ"।

"ਜਦੋਂ ਇਹ ਮੁਕੱਦਮੇ-ਬਾਜ਼ੀ ਅੱਗੇ ਵਧੀ ਅਤੇ ਇਹਨਾਂ ਬਚਾਓਕਿਰੀਆਂ ਦਾ ਨਾਂ ਹੁੱਲੜ-ਬਾਜ਼ੀ ਨੂੰ ਵਧਾਵਾ ਦੇਣ ਅਤੇ ਰਿਸ਼ਵਤ-ਖੋਰ ਸ਼ੰਸਥਾਵਾਂ ਦੇ ਐਕਟ (ਰੈਕਟੀਅਰ ਇਨਫਲੁਐਂਸਡ ਐਂਡ ਕਰੱਪਟ ਆਰਗੇਨਾਈਸੇਸ਼ਨਸ—ਆਰ. ਆਈ. ਸੀ. ਓ.)ਦੇ ਮੁਕੱਦਮੇ ਵਿੱਚ ਆਉਣਾ ਸ਼ੁਰੂ ਹੋ ਗਿਆ, ਜੋ ਕਿ ਇਸ ਵਕਤ ਸਾਡੇ ਵੱਲੋਂ, ਲਾਸ ਵੇਗਸ ਵਿੱਚ ਨਵੇਦਾ ਦੀ ਸਭ ਤੋਂ ਵੱਡੀ ਕਨੂੰਨੀ ਫਰਮ- ਲਾਯਨ ਸੇਯਰ ਐਂਡ ਕੋਲਿਨਸ- ਪੇਸ਼ ਕਰਨ ਲਈ ਤਿਆਰ ਕੀਤਾ ਜਾ ਰਿਹਾ ਹੈ—ਮੈਂ ਇਹ ਉਮੀਦ ਕਰਦਾ ਹਾਂ ਕਿ ਬਚਾਉਕਾਰੀ ਅਮਰੀਕੀ ਕਨੂੰਨ ਦੀ ਜਿਆਦਾ ਕਦਰ ਕਰਨਗੇ। ਮੈਂ ਇਹ ਸਮਝਦਾ ਹਾਂ ਕਿ ਲਾਗੂ ਕੀਤੇ ਜਾ ਸਕਣ ਵਾਲੇ ਕਨੂੰਨ ਅਤੇ ਮੁਕੱਦਮੇ-ਬਾਜ਼ੀ ਦੇ ਮਤਹਿਤ, ਜੇ ਸਾਡੀ ਕਰਵਾਈ ਅਮਰੀਕੀ ਅਦਾਲਤ ਵਿੱਚ ਚੱਲਦੀ ਹੈ ਤਾਂ ਪੈਰੀਗਰਿਨ ਟਰਸਟ ਨੂੰ ਹਰਜਾਨੇ ਦੇ ਭੁਗਤਾਨ ਦੀ ਰਕਮ ਹੋ ਸਕਦਾ ਹੈ 2 ਖਰਬ ਦੇ ਨੇੜੇ ਤੱਕ ਪਹੁੰਚ ਜਾਵੇ", ਢਿੱਲੋਂ ਨੇ ਕਿਹਾ।